**ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ) ਪੰਜਾਬ।**

**(ਕੰਪਲੈਕਸ ਪੰਜਾਬ ਸਕੂਲ ਐਜੂਕੇਸ਼ਨ ਬੋਰਡ, ਫੇਜ਼-8, ਬਲਾਕ-ਈ, ਐਸ.ਏ.ਐਸ. ਨਗਰ)**

# ਪਬਲਿਕ ਨੋਟਿਸ

ਨੰ: ਈ/883242(6) ਮਿਤੀ 02.05.2025

1. ਸਿੱਖਿਆ ਵਿਭਾਗ ਵੱਲੋਂ ਪੰਜਾਬ ਰਾਜ ਦੇ ਪ੍ਰਾਇਮਰੀ ਸਕੂਲਾਂ ਵਿੱਚ ਈ ਟੀ ਟੀ ਕਾਡਰ ਦੀਆਂ 6635 ਅਸਾਮੀਆਂ ਭਰਨ ਲਈ ਮਿਤੀ 30.07.2021 ਨੂੰ (Post of Teacher in Disadvantage Area, Punjab Act No. 12 of 2021) ਵਿਗਿਆਪਨ ਦਿੱਤਾ ਗਿਆ ਸੀ। ਇਸ ਭਰਤੀ ਦਾ ਨਤੀਜਾ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਮਿਤੀ 28.05.2022 ਨੂੰ ਘੋਸ਼ਿਤ ਕੀਤਾ ਗਿਆ। ਵਿਗਿਆਪਨ ਅਨੁਸਾਰ OPEN ਕੈਟਾਗਰੀ ਅਤੇ EWS ਕੈਟਾਗਰੀ ਦੀਆਂ ਸਾਰੀਆਂ ਅਸਾਮੀਆਂ ਭਰੀਆਂ ਜਾ ਚੁੱਕੀਆਂ ਸਨ। ਇਹ ਭਰਤੀ ਮੁਕੰਮਲ ਹੋਣ ਉਪਰੰਤ ਇਸ ਦਫਤਰ ਦੇ ਹੁਕਮ ਨੰ: 381540 /2024204633 ਮਿਤੀ 19.08.2024 ਦੇ ਪਬਲਿਕ ਨੋਟਿਸ ਰਾਂਹੀ ਬੰਦ ਕੀਤੀ ਜਾ ਚੁੱਕੀ ਸੀ।

2. ਕੁਝ ਉਮੀਦਵਾਰਾਂ ਵੱਲੋਂ CWP No. 4264 of 2021 ਸਿੰਕਦਰ ਸਿੰਘ (ਬੰਚ ਮੈਟਰ) ਰਾਂਹੀ EWS ਦੇ ਰਾਖਵਾਂਕਰਨ ਨੂੰ ਚੈਲੇਂਜ ਕੀਤਾ ਗਿਆ। ਇਸ ਬੰਚ ਮੈਂਟਰ ਵਿਚ 6635 ਈਟੀਟੀ CWP No. 14988 of 2023 ਰਜੋ ਬਾਈ ਵੀ ਕਲੱਬ ਸੀ। ਪਟੀਸ਼ਨਰਾਂ ਵੱਲੋਂ ਉਪਰੋਕਤ ਰਿਟਾਂ ਵਿਚ ਹੋਏ ਫੈਸਲੇ ਮਿਤੀ 14.10.2024 ਨੂੰ ਲਾਗੂ ਕਰਾਉਣ ਲਈ CM-6013-CII-2025 in COCP-4555-2024 and CM-6025-CII-2025 in COCP-5172-2024 ਦਾਇਰ ਕੀਤੀਆਂ ਗਈਆਂ, ਇਹਨਾਂ ਦੇ ਫੈਸਲੇ ਦੇ ਸਨਮੁੱਖ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਰੀ-ਕਾਸਟ ਪ੍ਰੋਵੀਜਨਲ (ਫੇਜ਼-1) ਸਿਲੈਕਸ਼ਨ ਸੂਚੀ ਮਿਤੀ 02.05.2025 ਨੂੰ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਹੈ।

3. ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੇ ਹੁਕਮਾਂ ਦੇ ਸਨਮੁੱਖ ਸਿੱਖਿਆ ਭਰਤੀ ਡਾਇਰੈਕਟੋਰੇਟ ਵੱਲੋਂ ਰੀ-ਕਾਸਟਿਡ ਪ੍ਰੋਵੀਜ਼ਨਲ (ਫੇਜ਼-1) ਸਿਲੈਕਸ਼ਨ ਸੂਚੀ ਵਿਚ OPEN ਕੈਟਾਗਰੀ ਵਿਚ EWS ਕੈਟਾਗਰੀ ਦੇ ਨਵੇਂ ਯੋਗ ਉਮੀਦਵਾਰ ਸ਼ਾਮਿਲ ਕੀਤੇ ਗਏ ਹਨ। ਜਿਸ ਕਾਰਨ EWS ਕੈਟਾਗਰੀ ਦੀਆਂ ਖਾਲੀ ਅਸਾਮੀਆਂ ਵਿਰੁੱਧ 117 ਯੋਗ ਉਮੀਦਵਾਰਾਂ ਨੂੰ ਆਨ-ਲਾਈਨ ਪ੍ਰਕ੍ਰਿਆ ਰਾਂਹੀ ਸਟੇਸ਼ਨ ਅਲਾਟਮੈਂਟ ਦੇ ਮੰਤਵ ਲਈ ਪੋਰਟਲ ਮਿਤੀ 03.05.2025 ਨੂੰ ਸਵੇਰੇ 9.00 ਵਜੇ ਤੋਂ 04.05.2025 ਨੂੰ ਸਵੇਰੇ 9.00 ਵਜੇ ਤੱਕ ਖੁੱਲ੍ਹਾ ਰਹੇਗਾ। ਇਹਨਾਂ ਯੋਗ ਉਮੀਦਵਾਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਸ਼ਡਿਊਲ ਅਨੁਸਾਰ ਆਪਣੀ ਆਈ. ਡੀ. ਵਿਚ ਸ਼ੋਅ ਹੋ ਰਹੀ ਵਕੈਂਸੀ ਸੂਚੀ ਵਿਚੋਂ ਸਟੇਸ਼ਨ ਚੋਣ ਕਰਨੇ ਯਕੀਨੀ ਬਣਾਏ ਜਾਣ। ਹਰੇਕ ਉਮੀਦਵਾਰ ਆਪਣੀ ਆਈ.ਡੀ ਵਿੱਚ ਸ਼ੋਅ ਹੋ ਰਹੀ ਵੈਕੰਸੀ ਲਿਸਟ ਵਿੱਚੋਂ ਜਿੰਨੇ ਮਰਜੀ ਸਟੇਸ਼ਨਾਂ ਦੀ ਆਪਸ਼ਨ ਵਿੱਚ ਭਰ ਸਕਦੇ ਹਨ।

4. ਇਹ ਪ੍ਰਕਿਰਿਆਂ ਸਮੁੱਚੇ ਰੂਪ ਵਿੱਚ ਆਨ-ਲਾਈਨ ਹੀ ਹੋਵੇਗੀ। ਜਿਹੜੇ ਯੋਗ ਉਮੀਦਵਾਰ ਸਟੇਸ਼ਨ ਚੋਣ ਨਹੀਂ ਕਰਨਗੇ, ਉਹਨਾਂ ਨੂੰ ਵੈਕੰਸੀ ਲਿਸਟ ਵਿੱਚ ਖਾਲੀ ਰਹਿੰਦੇ ਸਟੇਸ਼ਨਾਂ ਵਿੱਚੋਂ, ਜਿਸ ਜਿਲ੍ਹੇ ਵਿੱਚ ਸਬੰਧਤ ਕੈਟਾਗਰੀ ਦੀ ਖਾਲੀ ਅਸਾਮੀ ਹੋਵੇਗੀ, ਮੈਰਿਟ ਅਨੁਸਾਰ ਕੋਈ ਇੱਕ ਸਟੇਸ਼ਨ ਆਨ-ਲਾਈਨ ਪ੍ਰਕਿਰਿਆ ਤਹਿਤ ਐਮ.ਆਈ.ਐਸ ਸ਼ਾਖਾ ਵਲੋਂ ਅਲਾਟ ਕਰ ਦਿੱਤਾ ਜਾਵੇਗਾ, ਜਿਸ ਨੂੰ ਮੁੜ ਬਦਲਿਆ ਨਹੀਂ ਜਾਵੇਗਾ।

ਸਹਾਇਕ ਡਾਇਰੈਕਟਰ (ਅਮਲਾ-2)